# ਪ੍ਰੈਸ ਨੋਟ

ਸ਼੍ਰੀ ਦੀਪਕ ਹਿਲੋਰੀ IPS/ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾਂ ਅਨੁਸਾਰ ਸਮਾਜ ਵਿਰੋਧੀ ਸ਼ਰਾਰਤੀ ਅਨਸਰਾਂ ਖਿਲਾਫ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਨੂੰ ਉਦੋਂ ਵੱਡੀ ਸਫਲਤਾ ਮਿਲੀ, ਜਦੋਂ ਸ਼੍ਰੀ ਅਨਿਲ ਕੁਮਾਰ ਭਨੋਟ PPS ਡੀ.ਐਸ.ਪੀ.(ਡੀ) ਜਗਰਾਂਉ ਦੀ ਨਿਗਰਾਨੀ ਹੇਠ ਇੰਸਪੈਕਟਰ ਦਲਬੀਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਜਗਰਾਉਂ ਜਿਲਾ ਲੁਧਿਆਣਾ (ਦਿਹਾਤੀ) ਦੀ ਅਗਵਾਈ ਤਹਿਤ ਐਸ.ਆਈ. ਕਰਮਜੀਤ ਸਿੰਘ ਸਮੇਤ ਪੁਲੀਸ ਪਾਰਟੀ ਨੇ ਚਰਨ ਕਮਲ ਗਰੇਵਾਲ ਪੁੱਤਰ ਸੱਤਪਾਲ ਸਿੰਘ ਵਾਸੀ ਫਤਿਹਪੁਰ ਬਾੜੇਵਾਲ ਅਵਾਨਾ ਰਾਜਗੁਰੂ ਨਗਰ ਲੁਧਿਆਣਾ ਹਾਲ ਵਾਸੀ ਪੰਜਾਬੀ ਬਾਗ ਸਮਰਾਲਾ ਰੋਡ ਖੰਨਾ ਥਾਣਾ ਸਿਟੀ 01 ਖੰਨਾ, ਜਿਲਾ ਲੁਧਿਆਣਾ ਦੇ ਖਿਲਾਫ ਮੁਕੱਦਮਾ ਨੰਬਰ 107 ਮਿਤੀ 28.06.2022 ਅ/ਧ 25/54/59 ਆਰਮਜ਼ ਐਕਟ ਥਾਣਾ ਦਾਖਾ ਦਰਜ ਰਜਿਸਟਰ ਕਰਕੇ ਚਰਨ ਕਮਲ ਉਕਤ ਅਤੇ ਬਬਲੀ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪੱਤੀ ਧਾਲੀਵਾਲ ਛਾਜਲੀ ਥਾਣਾ ਛਾਜਲੀ, ਜਿਲ੍ਹਾ ਸੰਗਰੂਰ ਨੂੰ ਸਮੇਤ ਮੋਟਰਸਾਈਕਲ ਬੁਲੇਟ ਦੇ ਕਾਬੂ ਕਰਕੇ ਇਹਨਾਂ ਪਾਸੋਂ 32 ਬੋਰ ਪਿਸਟਲ ਸਮੇਤ ਇਕ ਮੈਗਜੀਨ, 06 ਜਿੰਦਾ ਕਾਰਤੂਸ 32 ਬੋਰ ਅਤੇ ਇੱਕ ਮੈਗਜੀਨ 30 ਬੋਰ (ਪਿਸਟਲ) ਸਮੇਤ ਇੱਕ ਜਿੰਦਾ ਕਾਰਤੂਸ 30 ਬੋਰ ਬਰਾਮਦ ਕੀਤੇ ਗਏ ਹਨ। ਬਬਲੀ ਸਿੰਘ ਨੇ ਅਗਲੀ ਪੁੱਛਗਿਛ ਦੋਰਾਨ ਇਕ ਹੋਰ 30 ਬੋਰ ਪਿਸਟਲ ਛਾਜਲੀ ਵਿਖੇ ਉਸਦੇ ਘਰੇਂ ਹੋਣ ਬਾਰੇ ਇਕਬਾਲ ਕੀਤਾ ਸੀ। ਜਿਸਤੇ ਇਕ 30 ਬੋਰ ਪਿਸਟਲ ਦੇਸੀ ਅਤੇ 11 ਜਿੰਦਾ ਕਾਰਤੂਸ 30 ਬੋਰ ਵੀ ਬ੍ਰਾਮਦ ਕਰਾਏ ਗਏ ਹਨ।

ਉਕਤ ਦੋਸ਼ੀਆਨ ਦੀ ਪੁੱਛਗਿਛ ਤੋਂ ਇਹ ਗਲ ਸਾਹਮਣੇ ਆਈ ਕਿ ਇਹ ਦੋਨੋ ਗਰਮ ਖਿਆਲੀ ਹਨ ਅਤੇ ਇਹ ਦੋਨੋ ਪਿਸਤੌਲ ਅਤੇ ਕਾਰਤੂਸ ਮੱਧ ਪ੍ਰਦੇਸ਼ ਤੋਂ ਖ੍ਰੀਦ ਕਰ ਕੇ ਲੈ ਕੇ ਆਏ ਸਨ। ਇਹਨਾ ਨੇ ਆਪਣੇ ਆਪ ਨੂੰ ਪੰਜਾਬ ਵਿੱਚ ਗਰਮ ਖਿਆਲੀ ਦੇ ਤੌਰ ਤੇ ਪੇਸ਼ ਕਰਕੇ ਬਾਹਰ ਬੈਠੇ ਖਾਲਿਸਤਾਨੀ ਪੱਖੀ ਲੋਕਾਂ ਪਾਸੋਂ ਪੈਸੇ ਕਮਾਉਣ ਦਾ ਜਰੀਆ ਬਨਾਉਣਾ ਸੀ। ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਕੇ ਹੋਰ ਰਿਮਾਂਡ ਲੈਕੇ ਹੋਰ ਪੁੱਛਗਿਛ ਕੀਤੀ ਜਾਵੇਗੀ।

ਗ੍ਰਿਫਤਾਰ ਦੋਸ਼ੀ:-

1. ਚਰਨ ਕਮਲ ਗਰੇਵਾਲ ਪੁੱਤਰ ਸੱਤਪਾਲ ਸਿੰਘ ਵਾਸੀ ਫਤਿਹਪੁਰ ਬਾੜੇਵਾਲ ਅਵਾਨਾ ਰਾਜਗੁਰੂ ਨਗਰ ਲੁਧਿਆਣਾ ਹਾਲ ਵਾਸੀ ਪੰਜਾਬੀ ਬਾਗ ਸਮਰਾਲਾ ਰੋਡ ਖੰਨਾ ਥਾਣਾ ਸਿਟੀ ਖੰਨਾ 01,ਖੰਨਾ ਜਿਲਾ ਲੁਧਿਆਣਾ।
2. ਬਬਲੀ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪੱਤੀ ਧਾਲੀਵਾਲ ਛਾਜਲੀ ਥਾਣਾ ਛਾਜਲੀ ਜਿਲਾ ਸੰਗਰੂਰ

ਬ੍ਰਾਮਦਗੀ :-

1) 32 ਬੋਰ ਪਿਸਟਲ ਸਮੇਤ ਇਕ ਮੈਗਜੀਨ, 06 ਜਿੰਦਾ ਕਾਰਤੂਸ 32 ਬੋਰ (ਚਰਨ ਕਮਲ ਗਰੇਵਾਲ)
2) ਇੱਕ 30 ਬੋਰ ਪਿਸਟਲ ਸਮੇਤ 2 ਮੈਗਜੀਨ 30 ਬੋਰ (ਪਿਸਟਲ) ਸਮੇਤ 12 ਜਿੰਦਾ ਕਾਰਤੂਸ 30 ਬੋਰ (ਬਬਲੀ ਸਿੰਘ)
3) ਇਕ ਮੋਟਰਸਾਈਕਲ ਰਾਇਲ ਇੰਨਫੀਲਡ ਬੁਲੈਟ ਪੀ.ਬੀ. 26 ਐਚ 9657.